Alberta

ਨਿਊਜ਼ ਰਿਲੀਜ਼

# ਸੂਬੇ ਨੇ ਕੈਲਗਰੀ ਦੇ ਅੰਦਰੂਨੀ ਸ਼ਹਿਰ ਵਿੱਚ ਸ਼ੈਰਿਫ਼ਸ ਤੈਨਾਤ ਕੀਤੇ

14 ਫਰਵਰੀ, 2023

---

ਸੂਬਾਈ ਸਰਕਾਰ ਦੀ ਕੈਲਗਰੀ ਪਬਲਿਕ ਸੇਫਟੀ ਐਂਡ ਕਮਿਊਨਿਟੀ ਰਿਸਪਾਂਸ ਟਾਸਕ ਫੋਰਸ ਦੁਆਰਾ ਬਣਾਈ ਗਈ ਪਹਿਲਕਦਮੀ ਦੇ ਹਿੱਸੇ ਵਜੋਂ, ਅਲਬਰਟਾ ਸ਼ੈਰਿਫ਼ਸ ਉੱਚ ਅਪਰਾਧ ਵਾਲੇ ਖੇਤਰਾਂ ਵਿੱਚ ਕੈਲਗਰੀ ਪੁਲਿਸ ਗਸ਼ਤ ਨੂੰ ਮਜ਼ਬੂਤ ਕਰਨਗੇ।

ਅਪਰਾਧ ਅਤੇ ਸਮਾਜਿਕ ਵਿਗਾੜ ਨੂੰ ਰੋਕਣ ਅਤੇ ਇਸ 'ਤੇ ਪ੍ਰਤਿਕਿਰਿਆ ਕਰਨ ਵਿੱਚ ਮਦਦ ਲਈ, ਅਲਬਰਟਾ ਸ਼ੈਰਿਫ਼ਸ ਅਤੇ ਕੈਲਗਰੀ ਪੁਲਿਸ ਸਰਵਿਸ (CPS) ਵਿਚਕਾਰ 12-ਹਫ਼ਤਿਆਂ ਦੀ ਪਾਇਲਟ ਭਾਈਵਾਲੀ ਫਰਵਰੀ ਦੇ ਅਖੀਰ ਵਿੱਚ ਸ਼ੁਰੂ ਹੋਵੇਗੀ।

12 ਅਲਬਰਟਾ ਸ਼ੈਰਿਫ਼ਾਂ ਨੂੰ ਸ਼ਾਮਲ ਕਰਨ ਨਾਲ ਮੌਜੂਦਾ CPS ਬੀਟ ਅਤੇ ਬਾਈਕ ਟੀਮਾਂ ਸ਼ਹਿਰ ਦੇ ਅੰਦਰਲੇ ਇਲਾਕਿਆਂ ਵਿੱਚ ਆਪਣੀ ਦਿਖਾਈ ਦਿੰਦੀ ਮੌਜੂਦਗੀ ਨੂੰ ਵਧਾ ਸਕਣਗੀਆਂ ਜਿੱਥੇ ਉਹ ਕੰਮ ਕਰਦੀਆਂ ਹਨ, ਅਤੇ ਨਾਲ ਹੀ ਆਫਿਸਰਾਂ ਨੂੰ ਭਾਈਚਾਰੇ ਦੀਆਂ ਚਿੰਤਾਵਾਂ 'ਤੇ ਪ੍ਰਤਿਕਿਰਿਆ ਕਰਨ ਲਈ ਵਧੇਰੇ ਮੌਕੇ ਮਿਲਣਗੇ, ਜਿਸ ਨਾਲ ਮਾਨਸਿਕ ਸਿਹਤ ਅਤੇ ਨਸ਼ਾਖੋਰੀ ਦਾ ਸਿਹਤ ਦੇਖਭਾਲ ਦੇ ਮੁੱਦਿਆਂ ਵਜੋਂ ਇਲਾਜ ਕਰਦੇ ਹੋਏ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਮਿਲੇਗੀ।

CPS ਬੀਟ ਟੀਮਾਂ ਨਾਲ ਕੰਮ ਕਰਨ ਲਈ ਨਿਯੁਕਤ ਕੀਤੇ ਗਏ 12 ਸ਼ੈਰਿਫਾਂ ਨੂੰ ਡਾਊਨਟਾਊਨ ਕੋਰ ਵਿੱਚ ਤੈਨਾਤ ਕੀਤਾ ਜਾਵੇਗਾ। CPS ਡੇਟਾ ਦੀ ਵਰਤੋਂ ਕਰਕੇ ਅਪਰਾਧ ਅਤੇ ਸਮਾਜਿਕ ਵਿਗਾੜ ਦੇ ਹੌਟਸਪੌਟਾਂ ਦੀ ਪਛਾਣ ਕਰੇਗਾ ਜਿੱਥੇ ਟੀਮਾਂ ਆਪਣੀਆਂ ਗਸ਼ਤਾਂ ਨੂੰ ਕੇਂਦਰਿਤ ਕਰਨਗੀਆਂ।

ਜਦੋਂ ਕਿ ਆਫਿਸਰ ਲੋੜ ਪੈਣ 'ਤੇ ਅਪਰਾਧਿਕ ਗਤੀਵਿਧੀ ਦਾ ਜਵਾਬ ਦੇਣਗੇ, CPS ਬੀਟ ਅਤੇ ਬਾਈਕ ਟੀਮਾਂ ਦਾ ਟੀਚਾ ਅਪਰਾਧ ਨੂੰ ਰੋਕਣ ਅਤੇ ਜਦੋਂ ਸੰਭਵ ਹੋਵੇ ਲਾਗੂਕਰਨ ਵਿਕਲਪਾਂ ਦੀ ਵਰਤੋਂ ਕਰਕੇ ਭਾਈਚਾਰਕ ਸੁਰੱਖਿਆ ਨੂੰ ਵਧਾਉਣਾ ਹੈ। ਇਸਦਾ ਮਤਲਬ ਸੁਰੱਖਿਆ ਚਿੰਤਾਵਾਂ ਦੀ ਪਛਾਣ ਕਰਨ ਲਈ ਕਿਸੇ ਇਲਾਕੇ ਦੇ ਲੋਕਾਂ ਨਾਲ ਸਰਗਰਮੀ ਨਾਲ ਜੁੜਨਾ, ਜਾਂ ਸੰਕਟ ਵਿੱਚ ਘਿਰੇ ਲੋਕਾਂ ਨੂੰ ਕਿਸੇ ਅਜਿਹੀ ਭਾਈਚਾਰਕ ਏਜੰਸੀ ਕੋਲ ਭੇਜਣਾ ਹੋ ਸਕਦਾ ਹੈ ਜੋ ਉਹਨਾਂ ਦੀ ਮਦਦ ਕਰ ਸਕਦੀ ਹੈ।

ਸ਼ੈਰਿਫਾਂ ਦੀ ਤੈਨਾਤੀ 27 ਫਰਵਰੀ ਤੋਂ ਸ਼ੁਰੂ ਹੋ ਕੇ 31 ਮਈ ਨੂੰ ਖਤਮ ਹੋਣੀ ਹੈ। ਸ਼ੈਰਿਫ ਅਤੇ ਕੈਲਗਰੀ ਪੁਲਿਸ ਫਿਰ ਅਗਲੇ ਕਦਮਾਂ 'ਤੇ ਫੈਸਲਾ ਕਰਨ ਤੋਂ ਪਹਿਲਾਂ ਪ੍ਰੋਜੈਕਟ ਦਾ ਮੁਲਾਂਕਣ ਕਰਨਗੇ।

**ਐਮਰਜੈਂਸੀ ਮਾਨਸਿਕ ਸਿਹਤ ਕਾਲਾਂ ਦਾ ਜਵਾਬ ਦੇਣ ਵੇਲੇ ਪੁਲਿਸ ਅਧਿਕਾਰੀਆਂ ਦਾ ਸਮਰਥਨ ਕਰਨਾ**

ਅਲਬਰਟਾ ਦੀ ਸਰਕਾਰ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਦੇ ਹੋਏ ਮਾਨਸਿਕ ਸਿਹਤ ਅਤੇ ਨਸ਼ਾਖੋਰੀ ਨੂੰ ਸਿਹਤ-ਸੰਭਾਲ ਮੁੱਦਿਆਂ ਵਜੋਂ ਹੱਲ ਕਰਨ ਲਈ ਕੈਲਗਰੀ ਪੁਲਿਸ ਸੇਵਾਵਾਂ ਅਤੇ ਹੋਰ ਸਥਾਨਕ ਪੁਲਿਸ ਸੇਵਾਵਾਂ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖ ਰਹੀ ਹੈ। ਮਾਨਸਿਕ ਸਿਹਤ ਸੰਬੰਧੀ ਕਾਲਾਂ ਅਤੇ ਸੰਕਟ ਵਿੱਚ ਘਿਰੇ ਲੋਕਾਂ ਲਈ ਪੁਲਿਸ ਪ੍ਰਤੀਕਿਰਿਆ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ, ਅਲਬਰਟਾ ਦੀ ਸਰਕਾਰ ਸੂਬੇ ਵਿੱਚ HealthIM ਪ੍ਰਣਾਲੀ ਲਾਗੂ ਕਰਨ ਦਾ ਵਿਸਤਾਰ ਕਰਨਾ ਜਾਰੀ ਰੱਖ ਰਹੀ ਹੈ। ਇਹ ਨਵੀਨਤਾਕਾਰੀ ਪ੍ਰਣਾਲੀ ਪਹਿਲਾਂ ਹੀ ਐਡਮੰਟਨ, ਲੈਥਬ੍ਰਿਜ, ਮੈਡੀਸਨ ਹੈਟ ਅਤੇ ਕੈਮਰੋਜ਼ ਦੇ ਨਾਲ-ਨਾਲ RCMP ਦੇ ਪੱਛਮੀ ਅਤੇ ਕੇਂਦਰੀ ਡਿਵੀਜ਼ਨਾਂ ਵਿੱਚ ਮੌਜੂਦ ਹੈ। HealthIM ਨੂੰ 2023 ਦੀਆਂ ਗਰਮੀਆਂ ਵਿੱਚ ਕੈਲਗਰੀ ਪੁਲਿਸ ਸੇਵਾ ਵਿੱਚ ਚਾਲੂ ਕੀਤਾ ਜਾਵੇਗਾ।

ਇਹ ਡਿਜੀਟਲ ਟੂਲ ਮਾਨਸਿਕ ਸਿਹਤ ਸੰਕਟ ਦਾ ਸਾਹਮਣਾ ਕਰ ਰਹੇ ਕਿਸੇ ਵਿਅਕਤੀ ਦੀਆਂ ਲੋੜਾਂ ਦਾ ਬਿਹਤਰ ਮੁਲਾਂਕਣ ਕਰਨ ਲਈ ਪੁਲਿਸ ਅਧਿਕਾਰੀਆਂ ਨੂੰ ਸਬੂਤ-ਆਧਾਰਿਤ ਸਰੋਤਾਂ ਅਤੇ ਜਾਣਕਾਰੀ ਨਾਲ ਲੈਸ ਕਰਦਾ ਹੈ। HealthIM ਦੁਆਰਾ, ਆਫਿਸਰਾਂ ਨੂੰ ਸਥਿਤੀ ਦੀ ਗੰਭੀਰਤਾ ਵਿੱਚ ਕਮੀ ਲਿਆਉਣ ਦੀਆਂ ਤਕਨੀਕਾਂ, ਇੱਕ ਮਾਨਸਿਕ ਸਿਹਤ ਜੋਖਮ ਸਕ੍ਰੀਨਿੰਗ ਟੂਲ, ਅਤੇ ਸਿਹਤ ਸਹੂਲਤਾਂ ਅਤੇ ਭਾਈਚਾਰਾ-ਆਧਾਰਿਤ ਸੇਵਾਵਾਂ ਨਾਲ ਜਾਣਕਾਰੀ ਸਾਂਝੀ ਕਰਨ ਤੱਕ ਪਹੁੰਚ ਮਿਲਦੀ ਹੈ।

ਦਸੰਬਰ 2022 ਵਿੱਚ, ਅਲਬਰਟਾ ਦੀ ਸਰਕਾਰ ਨੇ ਕੈਲਗਰੀ ਅਤੇ ਐਡਮੰਟਨ ਵਿੱਚ ਨਸ਼ਾਖੋਰੀ, ਬੇਘਰਤਾ ਅਤੇ ਜਨਤਕ ਸੁਰੱਖਿਆ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਕਮਿਊਨਿਟੀ ਭਾਈਵਾਲਾਂ ਨੂੰ ਇਕੱਠੇ ਕਰਨ ਵਾਸਤੇ ਦੋ ਨਵੀਆਂ ਕੈਬਨਿਟ ਟਾਸਕ ਫੋਰਸਾਂ ਦੀ ਸਥਾਪਨਾ ਕੀਤੀ। ਦੋ ਪਬਲਿਕ ਸੇਫਟੀ ਅਤੇ ਕਮਿਊਨਿਟੀ ਰਿਸਪਾਂਸ ਟਾਸਕ ਫੋਰਸਾਂ ਨਸ਼ਾ ਮੁਕਤੀ ਅਤੇ ਮਾਨਸਿਕ ਸਿਹਤ ਦੇਖਭਾਲ ਦੀ ਇੱਕ ਰਿਕਵਰੀ-ਅਧਾਰਿਤ ਪ੍ਰਣਾਲੀ ਨੂੰ ਹੋਰ ਅੱਗੇ ਵਧਾਉਣ ਲਈ ਸੂਬਾਈ ਫੰਡਿੰਗ ਵਿੱਚ $187-ਮਿਲੀਅਨ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹਨ। ਲਾਗੂ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਨਸ਼ਾਖੋਰੀ ਅਤੇ ਮਾਨਸਿਕ ਸਿਹਤ ਨੂੰ ਸਿਹਤ-ਸੰਭਾਲ ਦੇ ਮੁੱਦਿਆਂ ਵਜੋਂ ਮੰਨਦੇ ਹੋਏ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਲਈ ਇੱਕ ਨਿਰਪੱਖ, ਦ੍ਰਿੜ ਅਤੇ ਹਮਦਰਦ ਪਹੁੰਚ ਦਾ ਹਿੱਸਾ ਹਨ।

## ਫੌਰੀ ਤੱਥ

- ਅਲਬਰਟਾ ਸ਼ੈਰਿਫ਼ਸ ਸ਼ਾਂਤੀ ਅਧਿਕਾਰੀ ਹਨ ਅਤੇ ਪਾਇਲਟ ਪ੍ਰੋਜੈਕਟ ਨਾਲ ਜੁੜੇ ਸ਼ੈਰਿਫਾਂ ਨੂੰ ਉਹਨਾਂ ਦੇ ਨਿਯਮਿਤ ਕਰਤੱਵਾਂ ਦੇ ਹਿੱਸੇ ਵਜੋਂ ਅਸਥਾਈ ਤੌਰ 'ਤੇ ਮੁੜ-ਨਿਯੁਕਤ ਕੀਤਾ ਜਾ ਰਿਹਾ ਹੈ, ਜਿਸ ਵਿੱਚ ਵਿਸ਼ੇਸ਼ ਭੂਮਿਕਾਵਾਂ ਅਤੇ

ਅਧਿਕਾਰ ਖੇਤਰ ਸ਼ਾਮਲ ਹਨ, ਜਿਵੇਂ ਕਿ: ਸੂਬਾਈ ਰਾਜਮਾਰਗਾਂ 'ਤੇ ਆਵਾਜਾਈ ਲਾਗੂ ਕਰਨਾ ਅਤੇ ਵਪਾਰਕ ਵਾਹਨ ਸੁਰੱਖਿਆ, ਸੰਰੱਖਿਅਣ ਕਾਨੂੰਨ ਨੂੰ ਲਾਗੂ ਕਰਨਾ, ਸੇਫਰ ਕਮਿਊਨਿਟੀਜ਼ ਐਂਡ ਨੇਬਰਹੁੱਡ (ਸੁਰੱਖਿਅਤ ਭਾਈਚਾਰੇ ਅਤੇ ਇਲਾਕੇ) ਟੀਮ ਦੁਆਰਾ ਸਮੱਸਿਆ ਵਾਲੀਆਂ ਸੰਪਤੀਆਂ ਦੀ ਜਾਂਚ ਕਰਨਾ, ਕੈਦੀਆਂ ਦੀ ਸੁਰੱਖਿਆ ਅਤੇ ਸੂਬਾਈ ਅਦਾਲਤਾਂ ਵਿੱਚ ਸੁਰੱਖਿਆ, ਅਤੇ ਅਲਬਰਟਾ ਵਿਧਾਨ ਸਭਾ ਵਿੱਚ ਸੁਰੱਖਿਆ।

- ਪਾਇਲਟ ਪ੍ਰੋਜੈਕਟ ਵਿੱਚ ਸ਼ੈਰਿਫਾਂ ਦੀ ਭਾਗੀਦਾਰੀ ਸੰਗਠਨ ਦੇ ਮੌਜੂਦਾ ਬਜਟ ਦੁਆਰਾ ਕਵਰ ਕੀਤੀ ਜਾਂਦੀ ਹੈ।
- ਤਿੰਨ ਸਾਲਾਂ ਵਿੱਚ ਲਗਭਗ $2.4 ਮਿਲੀਅਨ HealthIM ਦੇ ਸੂਬਾਈ ਲਾਗੂਕਰਨ ਦਾ ਸਮਰਥਨ ਕਰ ਰਿਹਾ ਹੈ।
- ਅਫੀਮ ਦੀ ਲਤ ਨਾਲ ਜੂਝ ਰਹੇ ਅਲਬਰਟਾ ਵਾਸੀ 1-844-383-7688 'ਤੇ ਕਾਲ ਕਰਕੇ ਵਰਚੁਅਲ ਅਫੀਮ ਨਿਰਭਰਤਾ ਪ੍ਰੋਗਰਾਮ (VODP) ਨਾਲ ਹਫ਼ਤੇ ਦੇ ਸੱਤ ਦਿਨ, ਰੋਜ਼ਾਨਾ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਸੰਪਰਕ ਕਰ ਸਕਦੇ ਹਨ। VODP ਨਸ਼ੇ ਦੀ ਦਵਾਈ ਦੇ ਮਾਹਿਰਾਂ ਤੱਕ ਉਸੇ ਦਿਨ ਪਹੁੰਚ ਪ੍ਰਦਾਨ ਕਰਦਾ ਹੈ। ਕੋਈ ਉਡੀਕ ਸੂਚੀ ਨਹੀਂ ਹੈ।

## ਸੰਬੰਧਿਤ ਜਾਣਕਾਰੀ

ਕੈਲਗਰੀ ਪਬਲਿਕ ਸੇਫਟੀ ਐਂਡ ਕਮਿਊਨਿਟੀ ਰਿਸਪਾਂਸ ਟਾਸਕ ਫੋਰਸ

ਕੈਲਗਰੀ ਦੇ ਸਮਾਜਿਕ ਮੁੱਦਿਆਂ ਨਾਲ ਨਜਿੱਠਣ ਲਈ ਕੈਬਨਿਟ ਟਾਸਕ ਫੋਰਸ

ਸੂਬੇ ਨੇ ਡਾਊਨਟਾਊਨ ਐਡਮੰਟਨ ਵਿੱਚ ਸ਼ੈਰਿਫ ਤੈਨਾਤ ਕੀਤੇ ਹਨ

ਮਾਨਸਿਕ ਸਿਹਤ ਕਾਲਾਂ ਲਈ ਪੁਲਿਸ ਦੀ ਪ੍ਰਤਿਕਰਿਆ ਵਿੱਚ ਸੁਧਾਰ ਕਰਨਾ

## ਮੀਡੀਆ ਵੱਲੋਂ ਪੁੱਛਗਿੱਛ

ਡਾਇਲਨ ਟੋਪਲ

dylan.topal@gov.ab.ca

780-886-2912

ਪ੍ਰੈਸ ਸੈਕ੍ਰੇਟਰੀ, ਜਨਤਕ ਸੁਰੱਖਿਆ ਅਤੇ ਐਮਰਜੈਂਸੀ ਸੇਵਾਵਾਂ

ਕੋਲਿਨ ਐਚੀਸਨ

Colin.aitchison@gov.ab.ca

587-783-2653

ਸੀਨੀਅਰ ਪ੍ਰੈਸ ਸੈਕ੍ਰੇਟਰੀ, ਮਾਨਸਿਕ ਸਿਹਤ ਅਤੇ ਨਸ਼ੇ ਦੀ ਲਤ

ਕੈਲਗਰੀ ਪੁਲਿਸ ਸਰਵਿਸ ਮੀਡੀਆ ਲਾਈਨ

cps@calgarypolice.ca

403-428-7979